# ਅਨਾਰ

ਅਨਾਰ ਠੰਢੇ ਅਤੇ ਤਾਜ਼ਾਤਰ ਕਰਨ ਵਾਲੇ ਰਸ ਅਤੇ ਚਕਿਤਸਕ ਗੁਣਵੱਤਾ ਕਰਕੇ ਆਮ ਪਸੰਦ ਕੀਤਾ ਜਾਂਦਾ ਹੈ । ਭਾਰਤ ਵਿੱਚ ਮਿੱਠੇ-ਖੱਟੇ ਸੁਆਦ ਅਤੇ ਖਾਣ ਵਾਸਤੇ ਆਮ ਉਗਾਇਆ ਜਾਂਦਾ ਹੈ । ਤਣੇ ਦੀ ਛਿੱਲ, ਜੜਾਂ ਅਤੇ ਫ਼ਲ ਦੀ ਛਿੱਲ ਪਤਲੇ ਹੋਣ ਲਈ, ਟੱਟੀਆਂ ਰੋਕਣ ਲਈ ਅਤੇ ਪੇਟ ਦੇ ਕੀੜੇ ਮਾਰਨ ਲਈ ਵਰਤੀ ਜਾਂਦੀ ਹੈ ।

**ਪੌਣ-ਪਾਣੀ ਅਤੇ ਜ਼ਮੀਨ**

ਚੰਗੀ ਗੁਣਵੱਤਾ ਵਾਲੇ ਅਨਾਰ ਉਸ ਇਲਾਕੇ ਵਿੱਚ ਉਗਾਏ ਜਾਂਦੇ ਹਨ ਜਿੱਥੇ ਗਰਮੀਆਂ ਖੁਸ਼ਕ ਅਤੇ ਸਰਦੀਆਂ ਠੰਢੀਆਂ ਹੋਣ । ਡੂੰਘੀ ਮੈਰਾ ਮਿੱਟੀ ਅਨਾਰ ਲਈ ਚੰਗੀ ਹੈ । ਦਰਮਿਆਨੀਆਂ ਅਤੇ ਹਲਕੀ ਕਾਲੀ ਮਿੱਟੀ ਵਾਲੀ ਜ਼ਮੀਨ ਵੀ ਕਾਸ਼ਤ ਲਈ ਠੀਕ ਹੈ । ਅਨਾਰ ਖਾਰੀਆਂ ਅਤੇ ਸਿੱਲ੍ਹੀਆਂ ਜ਼ਮੀਨਾਂ ਵਿੱਚ ਵੀ ਹੋ ਜਾਂਦਾ ਹੈ। ਠੰਢੀਆਂ ਸਰਦੀਆਂ ਪੌਦੇ ਨੂੰ ਸਥਿਲ ਅਵਸਥਾ ਵਿੱਚ ਲੈ ਆਉਂਦੀਆਂ ਹਨ ਜਦੋਂ ਕਿ ਪੌਦਾ ਸਦਾਬਹਾਰ ਹੈ ।

**ਉੱਨਤ ਕਿਸਮਾਂ**

**ਗਨੇਸ਼ :** ਇਸ ਕਿਸਮ ਦੇ ਬੂਟੇ ਸਦਾ ਹਰੇ ਰਹਿੰਦੇ ਹਨ, ਝਾੜੀਦਾਰ ਅਤੇ ਛੇਤੀ ਫ਼ਲ ਦਿੰਦੇ ਹਨ । ਫ਼ਲ ਦਰਮਿਆਨੇ ਆਕਾਰ ਦੇ, ਛਿੱਲ ਪੀਲੇ ਰੰਗ ਦੀ ਗੁਲਾਬੀ ਭਾਅ ਮਾਰਦੀ ਹੈ । ਦਾਣੇ ਗੁਲਾਬੀ ਭਾਅ ਤੇ ਚਿੱਟੇ ਰੰਗ ਦੇ ਹੁੰਦੇ ਹਨ । ਬੀਜ ਖਾਣ ਵਿੱਚ ਨਰਮ, ਮਿੱਠੇ, ਰਸ ਵਿੱਚ ਘੁਲਣਸ਼ੀਲ, ਮਿੱਠੇ ਦੀ ਮਾਤਰਾ 13 ਪ੍ਰਤੀਸ਼ਤ ਅਤੇ ਖਟਾਸ 0.5% ਹੁੰਦੀ ਹੈ । ਮੁੱਖ ਫ਼ਸਲ (ਅੰਬੇ ਬਹਾਰ) ਅੱਧ ਅਗਸਤ ਵਿੱਚ ਪੱਕ ਜਾਂਦੀ ਹੈ । ਵੱਡੇ ਆਕਾਰ ਅਤੇ ਚੰਗੀ ਗੁਣਵੱਤਾ ਦੇ ਫ਼ਲ ਲੈਣ ਲਈ 15 ਅਪ੍ਰੈਲ ਤੋਂ ਬਾਅਦ ਵਿੱਚ ਆਉਣ ਵਾਲੇ ਡੋਡੀਆਂ ਅਤੇ ਫੁੱਲ ਤੋੜ ਦਿਉ । ਇੱਕ ਏਕੜ ਵਿੱਚ 6-7 ਟਨ ਫ਼ਲ ਮਿਲ ਜਾਂਦਾ ਹੈ ।

**ਕੰਧਾਰੀ :** ਇਸ ਕਿਸਮ ਦੇ ਬੂਟਿਆਂ ਦੇ ਪੱਤੇ ਝੜ ਜਾਂਦੇ ਹਨ । ਪੌਦੇ ਭਰਵੇਂ ਅਤੇ ਸਿੱਧੇ ਵੱਧਦੇ ਹਨ । ਇਹ ਕਿਸਮ ਹਰ ਸਾਲ ਫ਼ਲ ਦਿੰਦੀ ਹੈ ਅਤੇ ਝਾੜ ਦਰਮਿਆਨਾ ਹੁੰਦਾ ਹੈ । ਫ਼ਲ ਅੰਬੇ ਬਹਾਰ (ਅਪ੍ਰੈਲ ਦੇ ਫੁੱਲਾਂ ਤੋਂ) ਵਿੱਚ ਪੈਂਦਾ ਹੈ। ਫ਼ਲ ਦਾ ਆਕਾਰ ਦਰਮਿਆਨਾ, ਛਿੱਲ ਪੀਲੀ ਲਾਲੀ ਤੇ, ਦਾਣੇ ਲਾਲੀ ਮਾਰਦੇ ਚਿੱਟੇ ਰੰਗ ਦੇ ਜਿਨ੍ਹਾਂ ਵਿੱਚ ਦਰਮਿਆਨੇ ਸਖਤ ਬੀਜ ਹੁੰਦੇ ਹਨ । ਰਸ ਮਿੱਠਾ ਹੁੰਦਾ ਹੈ ਜਿਸ ਵਿੱਚ 12% ਮਿਠਾਸ ਅਤੇ 0.61% ਖਟਾਸ ਹੁੰਦੀ ਹੈ । ਇੱਕ ਏਕੜ ਵਿੱਚੋਂ 4-5 ਟਨ ਫ਼ਲ ਮਿਲ ਜਾਂਦਾ ਹੈ । ਵੱਡੇ ਆਕਾਰ ਅਤੇ ਚੰਗੀ ਗੁਣਵੱਤਾ ਵਾਲੇ ਫ਼ਲ ਪੈਦਾ ਕਰਨ ਲਈ 22 ਅਪ੍ਰੈਲ ਤੋਂ ਬਾਅਦ ਆਉਣ ਵਾਲੇ ਡੋਡੀਆਂ ਅਤੇ ਫੁੱਲ ਤੋੜ ਦਿਉ।

**ਨਸਲੀ ਵਾਧਾ**

ਬੂਟੇ ਦਸੰਬਰ ਵਿੱਚ ਕਲਮਾਂ ਤੋਂ ਤਿਆਰ ਕੀਤੇ ਜਾਂਦੇ ਹਨ । ਚੰਗੇ ਨਤੀਜੇ ਲੈਣ ਲਈ ਕਲਮਾਂ ਨੂੰ 100 ਪੀ ਪੀ ਐਮ, ਆਈ ਬੀ ਏ ਦੇ ਘੋਲ ਵਿੱਚ 24 ਘੰਟੇ ਲਈ ਡੁਬੋ ਕੇ ਲਾਉ ।

**ਬੂਟੇ ਲਾਉਣ ਦਾ ਸਮਾਂ**

ਨਵੰਬਰ-ਦਸੰਬਰ ਵਿੱਚ 1 ਮੀਟਰ ਡੂੰਘੇ ਅਤੇ 1 ਮੀਟਰ ਵਿਆਸ ਦੇ ਟੋਏ ਪੁੱਟੋ ਅਤੇ ਰੂੜੀ ਮਿਲਾ ਕੇ ਭਰੋ । ਗਣੇਸ਼ ਕਿਸਮ 3×3 ਮੀਟਰ ਅਤੇ ਕੰਧਾਰੀ 4×4 ਮੀਟਰ ਦੀ ਦੂਰੀ ਤੇ ਲਗਾਉ ।

**ਸੁਧਾਈ ਅਤੇ ਕਾਂਟ-ਛਾਂਟ**

30 ਸੈਂਟੀਮੀਟਰ ਦੀ ਉੱਚਾਈ ਤੱਕ ਇੱਕੋ ਤਣਾ ਰੱਖੋ । ਮੁੱਢਲੀਆਂ ਸ਼ਾਖਾਂ ਜ਼ਮੀਨ ਤੇ ਨਹੀਂ ਲੱਗਣੀਆਂ ਚਾਹੀਦੀਆਂ । ਟਾਹਣੀਆਂ ਦਾ ਸੁੱਕਾ ਹੋਇਆ ਬਿਮਾਰੀ ਵਾਲਾ, ਟੁੱਟਿਆਂ ਹੋਇਆ ਅਤੇ ਆਪਸ ਵਿੱਚ ਇੱਕ ਦੂਜੇ ਨੂੰ ਕੱਟਦੀਆਂ ਟਾਹਣੀਆਂ ਦੇ ਹਿੱਸੇ ਕੱਟ ਦਿਉ । ਤਣੇ ਤੋਂ ਨਿੱਕਲੇ ਪੜਸੂੰਏ ਵੀ ਕੱਟ ਦਿਉ ।

**ਖਾਦਾਂ**

ਇੱਕ ਸਾਲ ਦੀ ਉਮਰ ਦੇ ਹਿਸਾਬ ਹਰ ਬੂਟੇ ਨੂੰ 5-6 ਕਿਲੋ ਦੇਸੀ ਰੂੜੀ ਦਸੰਬਰ ਵਿੱਚ ਪਾਉ । ਇਸ ਤਰ੍ਹਾਂ 20 ਗ੍ਰਾਮ ਨਾਈਟ੍ਰੋਜਨ ਪ੍ਰਤੀ ਬੂਟਾ ਪ੍ਰਤੀ ਸਾਲ ਦੇ ਹਿਸਾਬ ਦੋ ਬਰਾਬਰ ਹਿੱਸਿਆਂ ਵਿੱਚ ਪਾਓ । ਇੱਕ ਹਿੱਸਾ ਮਾਰਚ ਅਤੇ ਦੂਜਾ ਅਪ੍ਰੈਲ ਵਿੱਚ ਪਾਉ ।

**ਸਿੰਚਾਈ**

ਸਰਦੀਆਂ ਵਿੱਚ ਲੰਮੇ ਸਮੇਂ ਤੱਕ ਮੌਸਮ ਖੁਸ਼ਕ ਰਹੇ ਤਾਂ ਪਾਣੀ ਲਾਉਣਾ ਚਾਹੀਦਾ ਹੈ, ਜਦ ਕਿ ਗਰਮੀਆਂ ਵਿੱਚ 10-15 ਦਿਨਾਂ ਦੇ ਫਰਕ ਤੇ ਪਾਣੀ ਲਾਉ।

**ਪੌਦ ਸੁਰੱਖਿਆ**

**ਕੀੜੇ**

**ਤੇਲਾ :** ਇਹ ਪੱਤਿਆਂ, ਫੁੱਲਾਂ ਅਤੇ ਨਰਮ ਫ਼ਲਾਂ ਦਾ ਰਸ ਚੂਸ ਕੇ ਪੌਦੇ ਦਾ ਨੁਕਸਾਨ ਕਰਦੇ ਹਨ । ਹਮਲੇ ਵਾਲੇ ਹਿੱਸੇ ਰੰਗ ਰਹਿਤ ਅਤੇ ਬੇਢੰਗੀ ਸ਼ਕਲ ਦੇ ਹੋ ਜਾਂਦੇ ਹਨ । ਸ਼ਹਿਦ ਦੇ ਨਿੱਕਲਣ ਨਾਲ ਪੱਤਿਆਂ ਉੱਪਰ ਸੂਟੀ ਮੋਲਡ ਉੱਲੀ ਪੈਦਾ ਹੋ ਜਾਂਦੀ ਹੈ ਜੋ ਕਿ ਪੱਤੇ ਦੀ ਖੁਰਾਕ ਪੈਦਾ ਕਰਨ ਦੀ ਸ਼ਕਤੀ ਕਾਫ਼ੀ ਘਟਾ ਦਿੰਦੀ ਹੈ ।

**ਰੋਕਥਾਮ**

500 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

**ਫ਼ਲ ਛੇਦਕ ਸੁੰਡੀ :** ਇਹ ਬਹੁਤ ਸਾਰੀਆਂ ਚੀਜ਼ਾਂ ਖਾਣ ਵਾਲਾ ਕੀੜਾ ਹੈ । ਮਾਦਾ ਫੁੱਲਾਂ ਦੇ ਕੈਲੈਕਸ ਜਾਂ ਛੋਟੇ ਫ਼ਲਾਂ ਉੱਪਰ ਇੱਕ-ਇੱਕ ਕਰਕੇ ਅੰਡੇ ਦਿੰਦੀ ਹੈ । ਅੰਡੇ ਤੋਂ ਨਿੱਕਲਣ ਤੋਂ ਬਾਅਦ ਛੋਟੀ ਸੁੰਡੀ ਵੱਧ ਰਹੇ ਫ਼ਲਾਂ ਵਿਚ ਮੋਰੀ ਕਰਕੇ ਅੰਦਰ ਚਲੀ ਜਾਂਦੀ ਹੇ ਜਿੱਥੇ ਉਹ ਫ਼ਲ ਦਾ ਗੁੱਦਾ ਅਤੇ ਛਿਲ ਦੇ ਹੇਠਲੇ ਬੀਜਾਂ ਨੂੰ ਖਾਂਦੀ ਹੈ । ਇਸ ਤੋਂ ਬਾਅਦ ਫ਼ਲ ਉੱਪਰ ਜੀਵਾਣੂਆਂ ਅਤੇ ਉੱਲੀ ਦਾ ਹਮਲਾ ਹੋ ਜਾਦਾ ਹੈ ਜਿਸ ਨਾਲ ਫ਼ਲ ਗਲ ਜਾਂਦਾ ਹੈ ਅਤੇ ਹੇਠਾਂ ਡਿੱਗ ਪੈਂਦਾ ਹੈ । ਇਸ ਸੁੰਡੀ ਦਾ ਹਮਲਾ ਜ਼ਿਆਦਾ ਤਰ ਮਈ ਅਤੇ ਜੂਨ ਵਿੱਚ ਹੁੰਦਾ ਹੈ ।







**ਰੋਕਥਾਮ**

700 ਮਿਲੀਲਿਟਰ ਥਾਇਓਡਾਨ 35 ਈ ਸੀ (ਐਂਡੋਸਲਫਾਨ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਮਈ-ਜੂਨ ਵਿੱਚ 15 ਦਿਨਾ ਦੀ ਵਿੱਥ ਤੇ ਦੋ-ਤਿੰਨ ਛਿੜਕਾਅ ਕਰਨੇ ਚਾਹੀਦੇ ਹਨ ।

ਬਿਮਾਰੀਆਂ

**ਕਾਲੇ ਧੱਬਿਆਂ ਨਾਲ ਗਲਣਾ :** ਇਹ ਬਿਮਾਰੀ ਬੈਕਟੀਰੀਆ ਦੁਆਰਾ ਹੁੰਦੀ ਹੈ । ਕਾਲੇ ਧੱਬੇ ਪੂਰੇ ਬਣੇ ਫ਼ਲਾਂ ਉਪਰਆ ਜਾਦੇ ਹਨ, ਜਦੋਂ ਬਰਸਾਤਾਂ ਸ਼ੁਰੂ ਹੁੰਦੀਆਂ ਹਨ । ਇਸ ਬਿਮਾਰੀ ਦਾ ਫੈਲਾਅ ਨਮੀ ਦੇ ਵੱਧਣ ਨਾਲ ਵੱਧਦਾ ਹੈ ।

**ਰੋਕਥਾਮ**

ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਮਈ ਵਿੱਚ ਅਤੇ ਫਿਰ ਜੂਨ ਅਤੇ ਜੁਲਾਈ ਵਿੱਚ ਕਰੋ ।